ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
**ਐਸ.ਸੀ.ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172-5015864, 5015865,**
**ਫੈਕਸ: 0172-2624687 ਈ-ਮੇਲ perveshssa@gmail.com**

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2013/ 4119
ਮਿਤੀ ਚੰਡੀਗੜ੍ਹ 27.2.13

**ਵਿਸ਼ਾ: 'ਸੁਣੋ ਸੁਣਾਵਾਂ' ਰੇਡੀਓ ਪ੍ਰੋਗਰਾਮ ਸਾਲ 2012-13 ਦੇ ਮਿਤੀ 01.03.2013 ਤੋਂ 15.03.2013 ਤੱਕ ਦੇ ਸ਼ਡਿਊਲ ਸਬੰਧੀ।**

**ਹਵਾਲਾ: ਇਸ ਦਫ਼ਤਰ ਦਾ ਪੱਤਰ ਨੰ ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/90368 ਮਿਤੀ 13.12.12, ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/000213 ਮਿਤੀ 03.01.13 ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/000418-419 ਮਿਤੀ 08.01.13 ਏ.ਐਸ.ਪੀ.ਡੀ. (ਮੀਡੀਆ)/ ਐਸ.ਐਸ.ਏ./ 2012/000721 ਮਿਤੀ 11.01.13 ਅਤੇ ਏ.ਐਸ.ਪੀ.ਡੀ.(ਮੀਡੀਆ)/ ਐਸ.ਐਸ.ਏ. /2013/ 001344-345 ਮਿਤੀ ਚੰਡੀਗੜ੍ਹ 24.1.2013**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2012-13 ਲਈ ਰੇਡੀਓ ਪ੍ਰੋਗਰਾਮ ਮਿਤੀ 20.12.2012 ਤੋਂ ਸ਼ੁਰੂ ਕੀਤਾ ਜਾ ਚੁੱਕਾ ਹੈ। ਇਸ ਪ੍ਰੋਗਰਾਮ ਦਾ ਮਾਰਚ ਮਹੀਨੇ ਦਾ ਸ਼ਡਿਊਲ (01.03.13 ਤੋਂ 15.03.13 ਤੱਕ) ਇਸ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਸਮਾਂ ਬਾਅਦ ਦੁਪਹਿਰ 2:30 ਤੋਂ 2:50 ਵਜੇ ਤੱਕ ਹੋਵੇਗਾ। ਇਹ ਪ੍ਰੋਗਰਾਮ ਜਮਾਤ ਅਨੁਸਾਰ ਪ੍ਰਸਾਰਿਤ ਕੀਤਾ ਜਾਣਾ ਹੈ। ਇਹ ਪ੍ਰੋਗਰਾਮ ਪ੍ਰਸਾਰ ਭਾਰਤੀ ਆਲ ਇੰਡੀਆ ਰੇਡੀਓ ਜਲੰਧਰ ਰਾਹੀਂ ਹੇਠ ਲਿਖੇ ਪੰਜ ਸਟੇਸ਼ਨਾਂ ਤੋਂ ਪ੍ਰਸਾਰਿਤ ਕੀਤਾ ਜਾਵੇਗਾ:-

2.1 ਰੀਜ਼ਨਲ ਚੈਨਲ ਐਫ.ਐਮ. ਜਲੰਧਰ (MW 343.6)
2.2 ਐਫ.ਐਮ. ਰੇਨਬੋ ਸਟੇਸ਼ਨ ਜਲੰਧਰ (102.7 Mhz)
2.3 ਲੋਕਲ ਰੇਡੀਓ ਸਟੇਸ਼ਨ ਬਠਿੰਡਾ (101.1 Mhz)
2.4 ਲੋਕਲ ਰੇਡੀਓ ਸਟੇਸ਼ਨ ਪਟਿਆਲਾ (100.2 Mhz)
2.5 ਵਿਵਿਧ ਭਾਰਤੀ ਚੈਨਲ, ਆਲ ਇੰਡੀਆ ਰੇਡੀਓ ਚੰਡੀਗੜ੍ਹ (107.2 Mhz)

3.0 ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਾਰੇ ਸਕੂਲਾਂ ਦੇ ਰੇਡੀਓ ਠੀਕ ਕੰਮ ਕਰਦੇ ਹੋਣ ਤਾਂ ਜੋ ਪ੍ਰੋਗਰਾਮ ਨੂੰ ਸੁਣਨ ਵਿੱਚ ਬੱਚਿਆਂ ਨੂੰ ਕੋਈ ਸਮੱਸਿਆ ਨਾ ਆਵੇ।

4.0 ਰੇਡੀਓ ਪ੍ਰੋਗਰਾਮ ਦਾ ਮਿਤੀਵਾਰ ਸ਼ਡਿਊਲ ਜੋ ਕਿ ਇਸ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ, ਨੂੰ ਵੀ ਹਰ ਸਕੂਲ ਅੰਦਰ ਤੁਰੰਤ ਪਹੁੰਚਦਾ ਕਰਨਾ ਆਪ ਜੀ ਦੀ ਜ਼ਿੰਮੇਵਾਰੀ ਹੋਵੇਗੀ।

5.0 ਸਮੂਹ ਡੀ.ਆਰ.ਪੀ./ਬੀ.ਆਰ.ਪੀ. ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਾਹਿਬਾਨ ਸਕੂਲਾਂ ਅੰਦਰ ਵਿਜ਼ਟ ਦੌਰਾਨ ਬਕਾਇਦਾ ਰੇਡੀਓ ਦੇ ਚਾਲੂ ਹਾਲਤ ਵਿੱਚ ਹੋਣ ਅਤੇ ਰੇਡੀਓ ਪ੍ਰੋਗਰਾਮਾਂ ਦੇ ਪ੍ਰਸਾਰਣ ਸਬੰਧੀ ਸਕੂਲ ਵਿੱਚ ਪਹੁੰਚੇ ਸ਼ਡਿਊਲ ਦੀ ਸਕੂਲ ਮੁਖੀ ਨਾਲ ਗੱਲਬਾਤ ਕਰਨਗੇ।

60 ਰੇਡੀਓ ਪ੍ਰੋਗਰਾਮ ਨੂੰ ਮਾਨੀਟਰ ਕਰਕੇ ਇਸ ਦੀ ਰਿਪੋਰਟ ਵੀ ਮੁੱਖ ਦਫ਼ਤਰ ਨੂੰ ਭੇਜੀ ਜਾਵੇ।

7.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠਅੰਕਣ ਨੰ: ਉਕਤ/** 4120 **ਮਿਤੀ:** 27/2/13

ਉਤਾਰਾ
(1) ਸਮੂਹ ਪ੍ਰਾਇਮਰੀ ਸਕੂਲ ਮੁਖੀ (ਵੈਬਸਾਈਟ ਰਾਹੀਂ)।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਜਾਬ (ਵੈਬਸਾਈਟ ਰਾਹੀਂ)।
(3) ਸਮੂਹ ਪ੍ਰਵੇਸ਼ ਜ਼ਿਲ੍ਹਾ ਕੋਆਰਡੀਨੇਟਰ ਪੰਜਾਬ।
(4) ਡੀ.ਐਮ. (ਐਮ.ਆਈ.ਐਸ.) (ਵੈਬਸਾਈਟ ਤੇ ਪਾਉਣ ਲਈ)।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

| ਸ਼ਡਿਊਲ ਰੇਡਿਓ ਪ੍ਰੋਗਰਾਮ-ਸਾਲ 2012-13 | | | | | | |
|---|---|---|---|---|---|---|
| ਮਿਤੀ 01-03-2013 ਤੋਂ 15-03-2013 ਤੱਕ | | | | | | |
| ਲੜੀ ਨੰ | ਮਿਤੀ | ਦਿਨ | ਜਮਾਤ | ਵਿਸ਼ਾ | ਪਾਠ ਨੰ | ਪ੍ਰੋਗਰਾਮ ਦਾ ਨਾਂ |
| 1 | 01.03.13 | ਸ਼ੁੱਕਰਵਾਰ | ਤੀਸਰੀ | ਪੰਜਾਬੀ | 23 | ਪਹੀਏ ਉੱਤੇ ਦੁਨੀਆਂ ਘੁੰਮੇ |
| 2 | 02.03.13 | ਸ਼ਨਿੱਚਰਵਾਰ | ਤੀਸਰੀ ਤੋਂ ਪੰਜਵੀਂ | ਅੰਗਰੇਜ਼ੀ | | Greetings & Rhymes |
| 3 | 04.03.13 | ਸੋਮਵਾਰ | ਚੌਥੀ | ਪੰਜਾਬੀ | 21 | ਮਿਹਨਤ ਦਾ ਮੁੱਲ |
| 4 | 05.03.13 | ਮੰਗਲਵਾਰ | ਪੰਜਵੀਂ | ਹਿੰਦੀ | 11 | ਸਾਹਸੀ ਦੀਪਾ |
| 5 | 06.03.13 | ਬੁੱਧਵਾਰ | ਚੌਥੀ | ਪੰਜਾਬੀ | 6 | ਦਮੂਖਾਂ ਬੀਜਣ ਵਾਲਾ |
| 6 | 07.03.13 | ਵੀਰਵਾਰ | ਪੰਜਵੀਂ | ਹਿੰਦੀ | 16 | ਆਗਿਆਕਾਰੀ ਬੱਚੇ |
| 7 | 08.03.13 | ਸ਼ੁੱਕਰਵਾਰ | ਚੌਥੀ | ਵਾਤਾਵਰਣ ਸਿੱਖਿਆ | 7 | ਪਾਣੀ ਦੇ ਸੋਮੇ |
| 8 | 11.03.13 | ਸੋਮਵਾਰ | ਚੌਥੀ | ਪੰਜਾਬੀ | 21 | ਮਾਸੂਮ ਬੱਚੇ ਔਰ ਮਹਾਰਾਜਾ ਕਾ ਇੰਨਸਾਫ |
| 9 | 12.03.13 | ਮੰਗਲਵਾਰ | ਚੌਥੀ/ਪੰਜਵੀਂ | ਹਿੰਦੀ | 8 | ਮਿਹਨਤ ਔਰ ਇਮਾਨਦਾਰੀ |
| 10 | 13.03.13 | ਬੁੱਧਵਾਰ | ਚੌਥੀ | ਵਾਤਾਵਰਣ ਸਿੱਖਿਆ | 15 | ਸੰਚਾਰ ਦੇ ਸਾਧਨ |
| 11 | 14.03.13 | ਵੀਰਵਾਰ | ਦੂਸਰੀ | ਪੰਜਾਬੀ | 21 | ਬੁਝਾਰਤ |
| 12 | 15.03.13 | ਸ਼ੁੱਕਰਵਾਰ | ਪੰਜਵੀਂ | ਵਾਤਾਵਰਣ ਸਿੱਖਿਆ | 8 | ਕੱਪੜੇ ਅਤੇ ਉਹਨਾਂ ਦੀ ਸਾਂਭ ਸੰਭਾਲ |